ਨੰਬਰ 8427 /48 ਈ ਸੰਗਰੂਰ ਮਿਤੀ 20-12-2016

ਵੱਲ

ਚੇਅਰਮੈਨ,
ਵਸੰਤ ਵੈਲੀ ਪਬਲਿਕ ਸਕੂਲ, ਲੱਡਾ।
ਜਿਲਾ ਸੰਗਰੂਰ।

ਵਿਸ਼ਾ:- ਬਹਾਦਰ ਸਿੰਘ ਵਾਲਾ ਡਰੇਨ ਦੀ ਬੁਰਜੀ 173000 ਤੇ ਆਰਜੀ ਤੌਰ ਤੇ ਪੁੱਲ ਬਨਾਉਣ ਸਬੰਧੀ।

ਹਵਾਲਾ:- ਕਾਰਜਕਾਰੀ ਇੰਜੀਨੀਅਰ, ਜਲ ਨਿਕਾਸ ਉਸਾਰੀ ਮੰਡਲ, ਸੰਗਰੂਰ ਦਾ ਪੱਤਰ ਨੰ: 1248/14-ਡ ਮਿਤੀ 9.12.2016

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਵੱਲੋ ਆਪਣੇ ਖਰਚੇ ਤੇ ਬਹਾਦਰ ਸਿੰਘ ਵਾਲਾ ਡਰੇਨ ਦੀ ਬੁਰਜੀ 173000 ਤੇ ਆਰਜੀ ਆਰ.ਸੀ.ਸੀ. ਹਿਊਮ ਪਾਈਪਾਂ ਦੀ ਪੁੱਲੀ ਦੀ ਉਸਾਰੀ ਲਈ ਮੰਨਜੂਰੀ ਦੀ ਮੰਗ ਕੀਤੀ ਗਈ ਹੈ ਇਸ ਸਬੰਧੀ ਕਾਰਜ: ਇੰਜੀ: ਜਲ ਨਿਕਾਸ ਉਸਾਰੀ ਮੰਡਲ, ਸੰਗਰੂਰ ਵੱਲੋ ਆਪਣੇ ਪੱਤਰ ਵਿੱਚ ਕੀਤੀ ਗਈ ਸਿਫਾਰਸ ਅਤੇ ਸਕੂਲ ਦੀਆਂ ਮੁਸਕਿਲਾਂ ਨੂੰ ਦੇਖਦੇ ਹੋਏ ਬਹਾਦਰ ਸਿੰਘ ਵਾਲਾ ਡਰੇਨ ਦੀ ਬੁਰਜੀ 173000 ਤੇ 4 ਫੁੱਟ ਡਾਇਆ ਆਰਜੀ ਆਰ.ਸੀ.ਸੀ. ਹਿਊਮ ਪਾਈਪਾਂ ਦੀ ਪੁੱਲੀ ਆਪਣੇ ਖਰਚੇ ਤੇ ਬਨਾਉਣ ਦੀ ਮੰਨਜੂਰੀ ਹੇਠ ਲਿਖੀਆਂ ਸਰਤਾਂ ਤੇ ਦਿੱਤੀ ਜਾਂਦੀ ਹੈ:-

1. ਆਰਜੀ ਆਰ.ਸੀ.ਸੀ. 4 ਫੁੱਟ ਡਾਇਆ ਹਿਊਮ ਪਾਈਪਾਂ ਪੁੱਲੀ ਦੀ ਉਸਾਰੀ ਹੋਣ ਉਪਰੰਤ ਇਹ ਮਹਿਕਮੇ ਦੀ ਮਲਕੀਅਤ ਹੋਵੇਗੀ ਅਤੇ ਜੇਕਰ ਭਵਿਖ ਵਿੱਚ ਮਹਿਕਮੇ ਨੂੰ ਡਰੇਨ ਦੀ ਰਿਮੋਡਲਿੰਗ ਕਰਨ ਦੀ ਜਰੂਰਤ ਪੈਣ ਕਰਕੇ ਇਸ ਪੁੱਲੀ ਨੂੰ ਤੋੜਨ ਦੀ ਜਰੂਰਤ ਪਈ ਤਾਂ ਇਸ ਤੇ ਆਪ ਵੱਲੋ ਕੋਈ ਉਜਰ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਆਪ ਨੂੰ ਇਸ ਦਾ ਕੋਈ ਕਲੇਮ ਦਿੱਤਾ ਜਾਵੇਗਾ।

2. ਆਰਜੀ ਆਰ.ਸੀ.ਸੀ. ਹਿਊਮ ਪਾਈਪਾਂ ਪੁੱਲੀ ਦੀ ਉਸਾਰੀ ਮਹਿਕਮਾਨਾ ਨਿਯਮਾਂ ਅਨੁਸਾਰ ਕੀਤੀ ਜਾਵੇ ਅਤੇ ਡਰੇਨ ਦੇ ਮੰਨਜੂਰਸ਼ੁਦਾ ਡਿਸਚਾਰਜ ਨੂੰ ਧਿਆਨ ਵਿਚ ਰੱਖਿਆ ਜਾਵੇ।

3. ਇਸ ਪੁੱਲੀ ਦੀ ਉਸਾਰੀ ਦਾ ਕੰਮ ਇਸ ਦਫਤਰ ਦੇ ਸਬੰਧਤ ਉਪ ਮੰਡਲ ਅਫਸਰ ਦੀ ਦੇਖ ਰੇਖ ਵਿੱਚ ਕਰਵਾਇਆ ਜਾਵੇ।

4. ਇਸ ਪੁੱਲੀ ਦੀ ਉਸਾਰੀ ਕਰਨ ਉਪਰੰਤ ਬਰਸਾਤੀ ਪਾਣੀ ਦੇ ਵਹਾਅ ਵਿੱਚ ਕੋਈ ਰੁਕਾਵਟ ਨਹੀਂ ਆਉਣੀ ਚਾਹੀਦੀ।

5. ਇਹ ਐਨ.ਓ.ਸੀ. ਸਿਰਫ ਡਰੇਨ ਪੱਖੋ ਦਿੱਤੀ ਜਾਂਦੀ ਹੈ ਬਾਕੀ ਮਹਿਕਮਿਆਂ ਤੋ ਲੋੜ ਅਨੁਸਾਰ ਆਪਣੇ ਪੱਧਰ ਤੇ ਮੰਨਜੂਰੀ ਲਈ ਜਾਵੇ।

6. ਬਰਸਾਤੀ ਸੀਜਨ ਤੋ ਪਹਿਲਾਂ ਡਰੇਨ ਦੇ ਅਪ ਸਟਰੀਮ ਅਤੇ ਡਾਊਨ ਸਟਰੀਮ ਦੀ ਸਫਾਈ ਦੀ ਜਿੰਮੇਵਾਰੀ ਆਪ ਦੀ ਹੋਵੇਗੀ।

ਨਿਗਰਾਨ ਇੰਜੀਨੀਅਰ,
ਜਲ ਨਿਕਾਸ ਸਰਕਲ,
ਪਟਿਆਲਾ।

ਸੀ.ਸੀ.:- ਕਾਰਜਕਾਰੀ ਇੰਜੀਨੀਅਰ, ਜਲ ਨਿਕਾਸ ਉਸਾਰੀ ਮੰਡਲ, ਸੰਗਰੂਰ ਨੂੰ ਉਹਨਾਂ ਦੇ ਪੱਤਰ ਨੰ:1248/14-ਡ ਮਿਤੀ 9.12.2016 ਦੇ ਹਵਾਲੇ ਵਿਚ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।